# ਬਾਓਲ ਕੈਂਸਰ ਸਕ੍ਰੀਨਿੰਗ ਕੀ ਹੈ?

ਐਨ ਐਚ ਐੱਸ ਬਾਓਲ ਕੈਂਸਰ ਸਕ੍ਰੀਨਿੰਗ ਦਾ ਮਕਸਦ ਇਸ ਕੈਂਸਰ ਨੂੰ ਸ਼ੁਰੂ ਹੋਣ ਤੋਂ ਪਹਿਲਾਂ ਹੀ ਜਾਂ ਸ਼ੁਰੂ ਵਿਚ ਹੀ ਫੜ ਲੈਣਾ ਹੈ, ਜਦ ਇਹਦਾ ਇਲਾਜ ਵੱਧ ਸੌਖਾ ਹੁੰਦਾ ਹੈ।

ਐਨ ਐਚ ਐੱਸ ਟੱਟੀ ਟੈਸਟ ਕਰਨ ਵਾਲੀ ਕਿੱਟ (FIT) ਮੁਫ਼ਤ ਭੇਜਦੀ ਹੈ, ਜਿਸ ਵਿਚ ਤੁਸੀਂ ਆਪਣੀ ਟੱਟੀ ਦਾ ਨਿੱਕਾ ਜਿਹਾ ਨਮੂਨਾ ਪਾਉਂਦੇ ਹੋ। ਲੈਬ ਵਿਚ ਇਹਨੂੰ ਚੈਕ ਕਰ ਕੇ ਪਤਾ ਕੀਤਾ ਜਾਂਦਾ ਹੈ ਕਿ ਇਸ ਵਿਚ ਥੋੜਾ ਜਿਹਾ ਖ਼ੂਨ ਤਾਂ ਨਹੀਂ।

ਖ਼ੂਨ ਪੋਲਿਪਸ ਜਾਂ ਬਾਓਲ ਕੈਂਸਰ ਦੀ ਨਿਸ਼ਾਨੀ ਹੋ ਸਕਦਾ ਹੈ। ਪੋਲਿਪਸ ਆਂਤੜੀ ਵਿਚਲੇ ਉਠਾਅ ਹੁੰਦੇ ਹਨ, ਜੋ ਕੁਝ ਸਮੇਂ ਬਾਦ ਕੈਂਸਰ ਬਣ ਸਕਦੇ ਹਨ। ਜੇ ਟੈਸਟ ਵਿਚ ਕੋਈ ਗ਼ੈਰ-ਮਾਮੂਲੀ ਗੱਲ ਦਿਸੇ ਤਾਂ, ਤੁਹਾਡੇ ਹੋਰ ਟੈਸਟ ਕਰਨ ਦੀ ਲੋੜ ਵੀ ਪੈ ਸਕਦੀ ਹੈ।

ਜੇ ਕਿਸੇ ਵੀ ਉਮਰ ਵਿਚ ਤੁਹਾਨੂੰ ਬਾਓਲ ਕੈਂਸਰ ਦੇ ਲੱਛਣ ਦਿਸਣ, ਤਾਂ ਆਪਣੇ ਡਾਕਟਰ ਨੂੰ ਮਿਲੋ, ਭਾਵੇਂ ਤੁਸੀਂ ਹੁਣੇ ਹੀ ਸਕ੍ਰੀਨਿੰਟ ਟੈਸਟ ਭਰ ਕੇ ਭੇਜਿਆ ਹੋਵੇ।

# ਬਾਓਲ ਕੈਂਸਰ ਸਕ੍ਰੀਨਿੰਗ ਦੀ ਪੇਸ਼ਕਸ਼ ਕਿਉਂ ਕੀਤੀ ਜਾਂਦੀ ਹੈ?

ਬਾਓਲ ਕੈਂਸਰ ਸਭ ਤੋਂ ਵੱਧ ਹੋਣ ਵਾਲੇ ਕੈਂਸਰਾਂ ਵਿਚੋਂ ਇਕ ਹੈ ਅਤੇ ਬਾਕਾਇਦਾ ਸਕ੍ਰੀਨਿੰਗ ਕਰਨ ਨਾਲ ਇਹਨੂੰ ਰੋਕਣ ਵਿਚ ਜਾਂ ਸ਼ੁਰੂ ਵਿਚ ਹੀ ਇਹਨੂੰ ਠੀਕ ਕਰਨ ਵਿਚ ਮਦਦ ਮਿਲਦੀ ਹੈ, ਜਦ ਇਹਦਾ ਇਲਾਜ ਕਰਨਾ ਵੱਧ ਸੌਖਾ ਹੁੰਦਾ ਹੈ।

# ਬਾਓਲ ਕੈਂਸਰ ਸਕ੍ਰੀਨਿੰਗ ਕਿਹਦੇ ਲਈ ਹੈ?

ਇਹ 56 ਤੋਂ 74 ਸਾਲ ਤਕ ਦੀ ਉਮਰ ਦੇ ਹਰ ਵਿਅਕਤੀ ਲਈ ਹੈ। ਤੁਹਾਡੀ ਵਾਰੀ ਆਉਣ ਤੇ ਤੁਹਾਨੂੰ ਹਰ 2 ਸਾਲਾਂ ਬਾਦ ਇਹ ਕਿੱਟ ਭੇਜੀ ਜਾਏਗੀ। ਜਦ ਵੀ ਇਹ ਤੁਹਾਨੂੰ ਮਿਲੇ ਤੁਹਾਨੂੰ ਇਹ ਭਰ ਕੇ ਭੇਜਣੀ ਚਾਹੀਦੀ ਹੈ।

# ਹੋਮ ਸਕ੍ਰਿਨੰਗ ਟੈਸਟ ਮੈਨੂੰ ਕਿਵੇਂ ਮਿਲਦਾ ਹੈ?

ਇੰਗਲੈਂਡ ਵਿਚ ਜੀ ਪੀ ਡਾਕਟਰ ਕੋਲ ਰਜਿਸਟਰ ਹੋਏ ਹਰ ਯੋਗ ਵਿਅਕਤੀ ਦੇ ਘਰ ਇਹ ਟੈਸਟ ਕਿੱਟ ਆਪਣੇ ਆਪ ਭੇਜੀ ਜਾਂਦੀ ਹੈ।

# ਮੈਨੂੰ ਨਤੀਜੇ ਕਦ ਮਿਲਣਗੇ?

ਤੁਹਾਡੇ ਨਤੀਜੇ 2 ਹਫ਼ਤਿਆਂ ਦੇ ਅੰਦਰ ਤੁਹਾਨੂੰ ਡਾਕ ਰਾਹੀਂ ਭੇਜੇ ਜਾਣਗੇ। ਜੇ ਹੋਰ ਟੈਸਟਾਂ ਦੀ ਲੋੜ ਹੋਵੇ ਤਾਂ ਤੁਹਾਨੂੰ ਦੱਸਿਆ ਜਾਏਗਾ। ਹੋਰ ਟੈਸਟਾਂ ਦਾ ਮਤਲਬ ਇਹ ਨਹੀਂ ਹੁੰਦਾ ਕਿ ਤੁਹਾਨੂੰ ਬਾਓਲ ਕੈਂਸਰ ਹੈ।

NHS

# ਬਾਓਲ ਕੈਂਸਰ ਸਕ੍ਰਿਨਿੰਗ ਕਿੱਟ ਨੂੰ ਅੱਖੋ ਓਹਲੇ ਨਾ ਕਰੋ।

**ਮੁਫ਼ਤ ਮਦਦ ਲਾਈਨ:**
0800 707 6060

Screening saves lives

Help us help you

## ਬਾਓਲ ਕੈਂਸਰ ਸਕ੍ਰੀਨਿੰਗ ਕਿੱਟ ਦੀ ਵਰਤੋਂ ਕਿਵੇਂ ਕਰੋ

1. ਨਮੂਨੇ ਵਾਲੀ ਬੋਤਲ ਤੇ ਤਾਰੀਖ਼ ਲਿਖੋ
2. ਆਪਣੀ ਟੱਟੀ ਦਾ ਨਮੂਨਾ ਕਿਸੇ ਭਾਂਡੇ ਵਿਚ ਜਾਂ ਟਾਇਲਟ ਪੇਪਰ ਤੇ ਲਓ
3. ਟੱਟੀ ਟਾਇਲਟ ਦੇ ਪਾਣੀ ਨੂੰ ਨਹੀਂ ਛੂਹਣੀ ਚਾਹੀਦੀ
4. ਨਮੂਨੇ ਵਾਲੀ ਬੋਤਲ ਦਾ ਢੱਕਣ ਮਰੋੜ ਕੇ ਉਹਨੂੰ ਖੋਲ੍ਹੋ
5. ਟੱਟੀ ਦਾ ਨਮੂਨਾ ਡੰਡੀ ਨਾਲ ਰਗੜ ਕੇ ਇਕੱਠਾ ਕਰੋ ਸਭ ਖ਼ਾਲੀ ਥਾਂਵਾਂ ਤੇ ਭਰੋ
6. ਸਾਨੂੰ ਟੈਸਟ ਕਰਨ ਲਈ ਥੋਹੜੀ ਜਿਹੀ ਟੱਟੀ ਦੀ ਹੈ ਲੋੜ ਹੈ, ਵਾਧੂ ਨਾ ਭਰੋ




7. ਡੰਡੀ ਨੂੰ ਬੋਤਲ ਵਿਚ ਵਾਪਸ ਪਾਓ ਅਤੇ ਬੋਤਲ ਨੂੰ ਢੱਕਣ ਨਾਲ ਬੰਦ ਕਰੋ
8. ਵਰਤਣ ਮਗਰੋਂ ਬੋਤਲ ਨੂੰ ਫਿਰ ਨਾ ਖੋਲ੍ਹੋ
9. ਵਰਤਣ ਮਗਰੋਂ ਹੱਥ ਧੋ ਲਵੋ
10. ਬੋਤਲ ਨੂੰ ਮੁਫ਼ਤ ਭੇਜਣ ਵਾਲੇ ਲਿਫ਼ਾਫ਼ੇ ਵਿਚ ਪਾਓ
11. ਟੇਪ ਨੂੰ ਲਾਹ ਕੇ, ਲਿਫ਼ਾਫ਼ਾ ਬੰਦ ਕਰ ਕੇ ਡਾਕ ਵਿਚ ਪਾਓ
12. ਤੁਸੀਂ ਟੈਸਟ ਦਾ ਨਤੀਜਾ ਦੋ ਹਫ਼ਤਿਆਂ ਵਿਚ ਮਿਲਣ ਦੀ ਆਸ ਰੱਖ ਸਕਦੇ ਹੋ



# ਆਪਣੇ ਬਾਓਲ ਕੈਂਸਰ ਸਕ੍ਰੀਨਿੰਗ ਟੈਸਟ ਨੂੰ ਅੱਖੋਂ ਓਹਲੇ ਨਾ ਕਰੋ

ਜੇ ਤੁਹਾਨੂੰ ਇਹ ਟੈਸਟ ਮਿਲੇ ਤਾਂ ਜਿੰਨੀ ਵੀ ਛੇਤੀ ਹੋ ਸਕੇ ਇਹਨੂੰ ਪੂਰਾ ਕਰ ਕੇ ਭੇਜ ਦਿਓ